# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਹਰ ਸਮੱਸਿਆ ਦੀ ਹੋਵੇਗੀ ਪੂਰੀ ਪੈਰਵੀ, ਅਰਸ਼ ਸੱਚਰ ਵੱਲੋਂ 'ਸਵੱਛ ਫਰੀਦਕੋਟ-ਸਾਡੀ ਜ਼ਿੰਮੇਵਾਰੀ' ਮੁਹਿੰਮ ਦਾ ਆਗਾਜ਼

### ਗਲੀਆਂ-ਮੁਹੱਲਿਆਂ 'ਚ ਬਦਲੇਗੀ ਸਫ਼ਾਈ ਦੀ ਤਸਵੀਰ, ਮੁਹਿੰਮ ਲਈ ਡੀ.ਸੀ. ਨਿਗਰਾਨੀ ਹੇਠ ਅਧਿਕਾਰੀ ਤੈਨਾਤ ਕਰਨ ਦੀ ਮੰਗ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਅਰਸ਼ ਸੱਚਰ ਸਮਾਜਸੇਵੀ

ਕੋਟਕਪੂਰਾ, 5 ਸਤੰਬਰ : ਮਿਸ਼ਨ 2027 ਤਹਿਤ ਫਰੀਦਕੋਟ ਵਿਧਾਨ ਸਭਾ ਹਲਕੇ ਵਿੱਚ "ਸਵੱਛ ਫਰੀਦਕੋਟ, ਸਾਡੀ ਜ਼ਿੰਮੇਵਾਰੀ" ਮੁਹਿੰਮ ਨੂੰ ਯੋਜਨਾਬੱਧ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ੁਰੂ ਕਰਨ ਲਈ ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ ਸੱਚਰ ਨੇ ਮਾਣਯੋਗ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ ਤੁਰੰਤ ਕਾਰਵਾਈ ਅਤੇ ਪ੍ਰਸ਼ਾਸਨ ਦੇ ਪੂਰੇ ਸਹਿਯੋਗ ਦੀ ਬੇਨਤੀ ਕੀਤੀ ਹੈ। ਅਰਸ਼ ਸੱਚਰ ਨੇ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਸਿਰਫ਼ ਸਫ਼ਾਈ ਦੀਆਂ ਸਮੱਸਿਆਵਾਂ ਦੀਆਂ ਤਸਵੀਰਾਂ ਖਿੱਚਣਾ ਜਾਂ ਸ਼ਿਕਾਇਤਾਂ ਕਰਨਾ ਨਹੀਂ, ਸਗੋਂ ਲੋਕਾਂ ਵੱਲੋਂ ਦੱਸੀ ਹਰ ਜਾਇਜ਼ ਸਮੱਸਿਆ ਨੂੰ ਮੌਕੇ 'ਤੇ ਦੇਖ ਕੇ ਉਸਦੇ ਹੱਲ ਤੱਕ ਪੂਰੀ ਪੈਰਵੀ ਕਰਨੀ ਹੈ। ਇਸ ਮੁਹਿੰਮ ਤਹਿਤ ਫਰੀਦਕੋਟ ਦੇ ਹਰ ਪਿੰਡ, ਹਰ ਵਾਰਡ ਅਤੇ ਹਰ ਮੁਹੱਲੇ ਵਿੱਚ ਕੂੜੇ ਦੇ ਢੇਰ, ਕੂੜਾ ਚੁੱਕਣ ਦੀ ਵਿਵਸਥਾ, ਸੀਵਰੇਜ ਦੀ ਸਮੱਸਿਆ, ਬੰਦ ਨਾਲੀਆਂ, ਖੜ੍ਹਾ ਗੰਦਾ ਪਾਣੀ, ਜਨਤਕ ਪਖਾਨਿਆਂ ਦੀ ਸਫ਼ਾਈ ਅਤੇ ਹੋਰ ਸਫ਼ਾਈ ਸਬੰਧੀ ਸਮੱਸਿਆਵਾਂ ਬਾਰੇ ਲੋਕਾਂ ਤੋਂ ਸਿੱਧੀ ਜਾਣਕਾਰੀ ਲਈ ਜਾਵੇਗੀ। ਉਹਨਾਂ ਕਿਹਾ ਕਿ ਮੁਹਿੰਮ ਦੀ ਕਾਰਜ ਪ੍ਰਣਾਲੀ ਬਿਲਕੁਲ ਸਪਸ਼ਟ ਹੋਵੇਗੀ ਲੋਕ ਸਮੱਸਿਆ ਦੱਸਣਗੇ, ਮੌਕੇ 'ਤੇ ਜਾ ਕੇ ਹਾਲਾਤ ਦੇਖੇ ਜਾਣਗੇ, ਤਸਵੀਰ ਅਤੇ ਸਥਾਨ ਸਮੇਤ ਰਿਪੋਰਟ ਤਿਆਰ ਹੋਵੇਗੀ, ਮਸਲਾ ਸਬੰਧਤ ਵਿਭਾਗ ਤੱਕ ਪਹੁੰਚਾਇਆ ਜਾਵੇਗਾ, ਸਮਾਂ-ਬੱਧ ਹੱਲ ਲਈ ਪੈਰਵੀ ਹੋਵੇਗੀ, ਕੀਤੀ ਕਾਰਵਾਈ ਦੀ ਰਿਪੋਰਟ ਲਈ ਜਾਵੇਗੀ, ਹੱਲ ਹੋਣ ਤੱਕ ਲਗਾਤਾਰ ਪੈਰਵੀ ਕੀਤੀ ਜਾਵੇਗੀ। ਅਰਸ਼ ਸੱਚਰ ਨੇ ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਹੈ ਕਿ ਇਸ ਮੁਹਿੰਮ ਨੂੰ ਜਲਦ ਤੋਂ ਜਲਦ ਸ਼ੁਰੂ ਕਰਨ ਲਈ ਲੋੜੀਂਦੇ ਲਿਖਤੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ ਅਤੇ ਡਿਪਟੀ ਕਮਿਸ਼ਨਰ ਫਰੀਦਕੋਟ ਦੀ ਨਿਗਰਾਨੀ ਹੇਠ ਇੱਕ ਤਾਲਮੇਲ ਪ੍ਰਣਾਲੀ ਅਤੇ ਜ਼ਿੰਮੇਵਾਰ ਅਧਿਕਾਰੀ ਨਿਯੁਕਤ ਕੀਤਾ ਜਾਵੇ। ਇਸ ਨਾਲ ਲੋਕਾਂ ਵੱਲੋਂ ਸਾਹਮਣੇ ਲਿਆਂਦੀ ਹਰ ਜਾਇਜ਼ ਸਮੱਸਿਆ ਸਹੀ ਵਿਭਾਗ ਤੱਕ ਪਹੁੰਚ ਸਕੇਗੀ, ਉਸਦੀ ਤਸਦੀਕ ਹੋਵੇਗੀ ਅਤੇ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਵੀ ਪ੍ਰਾਪਤ ਹੋ ਸਕੇਗੀ। ਉਨ੍ਹਾਂ ਕਿਹਾ ਕਿ ਜਿੱਥੇ ਕਮੀ ਹੋਵੇਗੀ, ਉੱਥੇ ਸੁਧਾਰ ਲਈ ਪੂਰੀ ਪੈਰਵੀ ਕੀਤੀ ਜਾਵੇਗੀ ਅਤੇ ਜਿੱਥੇ ਸਫ਼ਾਈ ਕਰਮਚਾਰੀ, ਪੰਚਾਇਤ, ਨਗਰ ਕੌਂਸਲ, ਅਧਿਕਾਰੀ ਜਾਂ ਕੋਈ ਵਿਭਾਗ ਚੰਗਾ ਕੰਮ ਕਰ ਰਿਹਾ ਹੋਵੇਗਾ, ਉੱਥੇ ਉਸ ਚੰਗੇ ਕੰਮ ਦੀ ਸ਼ਲਾਘਾ ਵੀ ਕੀਤੀ ਜਾਵੇਗੀ। ਅਰਸ਼ ਸੱਚਰ ਨੇ ਕਿਹਾ ਸਾਡਾ ਮਕਸਦ ਸ਼ਿਕਾਇਤ ਨਹੀਂ, ਸੁਧਾਰ ਹੈ। ਸਾਡੀ ਕੋਸ਼ਿਸ਼ ਸਿਰਫ਼ ਰਿਪੋਰਟ ਬਣਾਉਣ ਦੀ ਨਹੀਂ, ਸਗੋਂ ਜ਼ਮੀਨੀ ਪੱਧਰ ਤੇ ਨਤੀਜਾ ਲਿਆਉਣ ਦੀ ਹੈ। ਲੋਕ ਆਪਣੀ ਸਮੱਸਿਆ ਸਾਡੇ ਤੱਕ ਪਹੁੰਚਾਉਣ ਅਤੇ ਅਸੀਂ ਪ੍ਰਸ਼ਾਸਨ ਦੇ ਸਹਿਯੋਗ ਨਾਲ ਉਸਦੇ ਹੱਲ ਤੱਕ ਪੂਰੀ ਪੈਰਵੀ ਕਰੀਏ, ਇਹੀ 'ਸਵੱਛ ਫਰੀਦਕੋਟ, ਸਾਡੀ ਜ਼ਿੰਮੇਵਾਰੀ' ਦਾ ਮੁੱਖ ਮਕਸਦ ਹੈ।"

## ਮਿਸ਼ਨ ਕਲੀਨ ਪੰਜਾਬ ਤਹਿਤ ਪਾਤੜਾਂ ਅਤੇ ਘੱਗਾ ਵਿਚ ਸਫ਼ਾਈ ਮੁਹਿੰਮ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 5 ਸਤੰਬਰ: ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਅਤੇ ਸਥਾਨਕ ਸਰਕਾਰ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਭਰ ਵਿੱਚ ਚਲਾਏ ਜਾ ਰਹੇ ਦਸ ਦਿਨਾਂ ਸਫ਼ਾਈ ਮਹਾ ਅਭਿਆਨ ਤਹਿਤ ਅੱਜ ਨਗਰ ਕੌਂਸਲ ਪਾਤੜਾਂ ਅਤੇ ਨਗਰ ਪੰਚਾਇਤ ਘੱਗਾ ਵੱਲੋਂ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ।

ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਸ੍ਰੀ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਮੇਨ ਬਾਜ਼ਾਰ, ਸਰਵਿਸ ਰੋਡ, ਕਾਹਨਗੜ੍ਹ ਰੋਡ ਅਤੇ ਵੱਖ-ਵੱਖ ਮਾਰਕੀਟਾਂ ਵਿੱਚ ਸਫ਼ਾਈ ਕਰਵਾਈ ਗਈ। ਇਸ ਦੌਰਾਨ ਸਫ਼ਾਈ ਸੇਵਕਾਂ ਵੱਲੋਂ ਸੜਕਾਂ ਅਤੇ ਜਨਤਕ ਥਾਵਾਂ ਤੋਂ ਕੂੜਾ-ਕਰਕਟ ਹਟਾ ਕੇ ਸਫ਼ਾਈ ਵਿਵਸਥਾ ਨੂੰ ਬਿਹਤਰ ਬਣਾਇਆ ਗਿਆ।

ਇਸ ਮੌਕੇ ਸੈਨਟਰੀ ਇੰਸਪੈਕਟਰ ਸ੍ਰੀ ਨਰਿੰਦਰ ਸ਼ਰਮਾ, ਸ੍ਰੀ ਅਨੁਵਿੰਦਰ ਸਿੰਘ, ਸਮੂਹ ਐਮ.ਸੀ. ਸਾਹਿਬਾਨ, ਨਗਰ ਕੌਂਸਲ ਦਾ ਸਮੂਹ ਸਟਾਫ਼ ਅਤੇ ਸਫ਼ਾਈ ਸੇਵਕ ਮੌਜੂਦ ਸਨ। ਇਸ ਤੋਂ ਇਲਾਵਾ ਸੀ.ਐਫ. ਸ੍ਰੀ ਮਨਪ੍ਰੀਤ ਸਿੰਘ ਅਤੇ ਮੋਟੀਵੇਟਰ ਸ੍ਰੀ ਲਵਪ੍ਰੀਤ ਸਿੰਘ ਤੇ ਸ੍ਰੀ ਵਿਸ਼ਾਲ ਕੁਮਾਰ ਨੇ ਵੀ ਸਫ਼ਾਈ ਮੁਹਿੰਮ ਵਿੱਚ ਸਹਿਯੋਗ ਦਿੱਤਾ।

ਇਸੇ ਤਰ੍ਹਾਂ ਨਗਰ ਪੰਚਾਇਤ ਘੱਗਾ ਵੱਲੋਂ ਪ੍ਰਧਾਨ ਸ੍ਰੀ ਮਿੱਠੂ ਸਿੰਘ ਅਤੇ ਕਾਰਜ ਸਾਧਕ ਅਫ਼ਸਰ ਸ੍ਰੀ ਬਲਜਿੰਦਰ ਸਿੰਘ ਦੀ ਰਹਿਨੁਮਾਈ ਹੇਠ ਹਨੂਮਾਨ ਚੌਂਕ, ਗੁੱਗਾ ਮਾੜੀ ਰੋਡ ਅਤੇ ਬ੍ਰਾਹਮਣ ਮਾਜਰਾ ਰੋਡ ਵਿਖੇ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ। ਇਸ ਦੌਰਾਨ ਇਲਾਕੇ ਦੀ ਸਫ਼ਾਈ ਕਰਕੇ ਕੂੜਾ-ਕਰਕਟ ਨੂੰ ਸੁਚੱਜੇ ਢੰਗ ਨਾਲ ਹਟਾਇਆ ਗਿਆ।

ਇਸ ਮੌਕੇ ਸ੍ਰੀ ਮਨਜੀਤ ਸਿੰਘ, ਮੋਟੀਵੇਟਰ ਸ੍ਰੀ ਕੁਲਦੀਪ ਸਿੰਘ, ਐੱਮ.ਸੀ. ਸ੍ਰੀ ਅਮਨਦੀਪ ਸਿੰਘ, ਸ੍ਰੀ ਜਸਪਾਲ ਸਿੰਘ, ਸ੍ਰੀ ਸੁਰਜੀਤ ਰਾਮ ਸ਼ਰਮਾ, ਸ੍ਰੀ ਭੁਪਿੰਦਰ ਸਿੰਘ, ਸ੍ਰੀ ਦਰਸ਼ਨ ਸਿੰਘ ਸਮੇਤ ਸਮੂਹ ਐਮ.ਸੀ. ਸਾਹਿਬਾਨ, ਨਗਰ ਪੰਚਾਇਤ ਘੱਗਾ ਦਾ ਸਮੂਹ ਸਟਾਫ਼ ਅਤੇ ਸਫ਼ਾਈ ਸੇਵਕ ਮੌਜੂਦ ਸਨ।

ਨਗਰ ਕੌਂਸਲ ਪਾਤੜਾਂ ਅਤੇ ਨਗਰ ਪੰਚਾਇਤ ਘੱਗਾ ਦੇ ਨੁਮਾਇੰਦਿਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ, ਕੂੜਾ ਨਿਰਧਾਰਤ ਸਥਾਨਾਂ 'ਤੇ ਹੀ ਸੁੱਟਣ ਅਤੇ ਸਫ਼ਾਈ ਕਰਮਚਾਰੀਆਂ ਨੂੰ ਸਹਿਯੋਗ ਦੇਣ ਤਾਂ ਜੋ ਸ਼ਹਿਰਾਂ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਇਆ ਜਾ ਸਕੇ।

## ਅਧਿਆਪਕ ਮਾਣ ਸਨਮਾਨ ਤੋਂ ਬਾਂਝੇ ਕਿਉਂ ?

ਵਰਲਡ ਪੰਜਾਬੀ ਟਾਈਮਜ਼ ਰਜਵਿੰਦਰ ਪਾਲ ਸ਼ਰਮਾ

ਗੁਰੂ ਸ਼ਿਸ਼ ਦੀ ਪ੍ਰੰਪਰਾ ਵੈਦਿਕ ਕਾਲ ਤੋਂ ਚਲੀ ਆ ਰਹੀ ਹੈ। ਗੁਰੂ ਬਿਨਾਂ ਗਿਆਨ ਹੋਣਾ ਅਸੰਭਵ ਹੈ। ਕੋਈ ਵੀ ਵਿਅਕਤੀ ਜ਼ੋ ਕੁੱਝ ਕਰਨਾ ਚਾਹੁੰਦਾ ਹੈ, ਸਿੱਖਣਾ ਚਾਹੁੰਦਾ ਹੈ ਉਸ ਨੂੰ ਗੁਰੂ ਧਾਰਨ ਕਰਨਾ ਹੀ ਪੈਂਦਾ ਹੈ ਕਿਉਂਕਿ ਗੁਰੂ ਬਿਨਾਂ ਗਤ ਹੋਣੀ ਮੁਸ਼ਿਕਲ ਹੈ। ਪੁਰਾਣੇ ਸਮੇਂ ਤੋਂ ਹੀ ਗੁਰੂ ਗਿਆਨ ਪ੍ਰਦਾਨ ਕਰਦਾ,ਗਿਆਨ ਪ੍ਰਦਾਨ ਕਰਨ ਲਈ ਗੁਰੂ ਨੂੰ ਪੈਸੇ ਬਹੁਤ ਘੱਟ ਜਾਂ ਨਾਬਰਾਬਰ ਦਿੱਤੇ ਜਾਂਦੇ ਸਨ। ਗੁਰੂ ਨੂੰ ਸਨਮਾਨ ਵਜੋਂ ਸ਼ਿਸ਼ ਵੱਲੋਂ ਗੁਰੂ ਦਕਸ਼ਨਾ ਦਿੱਤੀ ਜਾਂਦੀ ਸੀ।ਗੁਰੂ ਨੂੰ ਗੁਰੂ ਦਕਸ਼ਨਾ ਦੇ ਰੂਪ ਵਿੱਚ ਜ਼ੋ ਵੀ ਗੁਰੂ ਮੰਗੇ ਸ਼ਿਸ਼ ਵੱਲੋਂ ਭੇਟ ਕਰ ਦਿੱਤਾ ਜਾਂਦਾ ਸੀ। ਗੁਰੂ ਦਰੋਣਾਚਾਰੀਆ ਨੇ ਏਕਲਵਿਆ ਤੋਂ ਗੁਰੂ ਦਕਸ਼ਨਾ ਦੇ ਰੂਪ ਵਿੱਚ ਅੰਗੂਠਾ ਮੰਗਿਆ ਅਤੇ ਏਕਲਵਿਆ ਨੇ ਵੀ ਖੁਸ਼ ਹੋ ਕੇ ਗੁਰੂ ਨੂੰ ਭੇਂਟ ਕਰ ਦਿੱਤਾ।ਇਹ ਸ਼ਿਸ਼ ਵੱਲੋਂ ਗੁਰੂ ਦਾ ਸਨਮਾਨ ਵੀ ਹੁੰਦਾ ਸੀ।ਅਜੋਕਾ ਸਮਾਂ ਕਰਵਟ ਲੈ ਚੁੱਕਿਆ ਹੈ। ਗੁਰੂ ਅਧਿਆਪਕ ਵਜੋਂ ਅਤੇ ਸ਼ਿਸ਼ ਵਿਦਿਆਰਥੀ ਵਜੋਂ ਅੱਜ਼ ਵੀ ਮੌਜੂਦ ਹਨ ਪ੍ਰੰਤੂ ਦੋਵਾਂ ਦੇ ਰਿਸ਼ਤਿਆਂ ਵਿੱਚ ਅਪਣੱਤ ਅਤੇ ਪਿਆਰ ਪਹਿਲਾਂ ਵਾਲਾ ਨਹੀਂ ਰਿਹਾ।ਅਜੋਕਾ ਵਿਦਿਆਰਥੀ ਡਿਜੀਟਲ ਯੁੱਗ ਵਿੱਚ ਜੀਅ ਰਿਹਾ ਹੈ। ਸਿੱਖਿਆ ਦਾ ਦਿਨੋਂ ਦਿਨ ਹੋ ਰਿਹਾ ਨਿੱਜੀਕਰਨ ਅਤੇ ਡਿਜੀਟਾਈਲੇਸਨ ਅਧਿਆਪਕ ਵਿਦਿਆਰਥੀਆਂ ਵਿੱਚ ਮੋਹ ਦੀਆਂ ਤੰਦਾਂ ਨੂੰ ਕਮਜ਼ੋਰ ਕਰ ਰਿਹਾ ਹੈ। ਆਨਲਾਈਨ ਵਿਦਿਆਰਥੀਆਂ ਨੂੰ ਪੜ੍ਹਾ ਰਿਹਾ ਅਧਿਆਪਕ ਜਮਾਤ ਜਾਂ ਕਲਾਸਰੂਮ ਦੀ ਜਗ੍ਹਾ ਨਹੀਂ ਲੈ ਸਕਦਾ। ਵਿਦਿਆਰਥੀਆਂ ਦਾ ਅਧਿਆਪਕ ਤੋਂ ਸਵਾਲ ਪੁੱਛਣ ਦੀ ਬਜਾਏ ਗੂਗਲ ਬਾਬੇ ਦੀ ਸਹਾਇਤਾ ਲੈਣਾ ਅਧਿਆਪਕ ਦੀ ਹੋਂਦ ਨੂੰ ਖ਼ਤਮ ਕਰਦਾ ਹੈ।ਗੂਗਲ ਜ਼ਰੂਰੀ ਨਹੀਂ ਹਰ ਵਾਰ ਸਹੀ ਹੋਵੇ ਪਰੰਤੂ ਗੂਗਲ ਨੇ ਵਿਦਿਆਰਥੀ ਅਤੇ ਅਧਿਆਪਕ ਦੇ ਰਿਸ਼ਤੇ ਨੂੰ ਪ੍ਰਭਾਵਿਤ ਜ਼ਰੂਰ ਕੀਤਾ ਹੈ। ਅਜੋਕੇ ਮਹਿੰਗਾਈ ਦੇ ਸਮੇਂ ਵਿੱਚ ਸਰਕਾਰ ਦੁਆਰਾ ਦਿੱਤੀ ਜਾਣ ਵਾਲੀ ਨਿਗੁਣੀ ਤਨਖਾਹ ਤੇ ਜੀਵਨ ਬਸਰ ਕਰਨ ਵਾਲੇ ਅਧਿਆਪਕ ਕਿਹੜੇ ਮੂੰਹ ਨਾਲ ਅਧਿਆਪਕ ਦਿਵਸ ਮਨਾਉਣ ਇਹ ਸਵਾਲ ਹਰ ਅਧਿਆਪਕ ਸਮੇਂ ਦੇ ਹਾਕਮਾਂ ਤੋਂ ਪੁੱਛਣਾ ਚਾਹੁੰਦਾ ਹੈ। ਲੰਮੇ ਸਮੇਂ ਤੋਂ ਲਟਕੀਆਂ ਆ ਰਹੀਆਂ ਅਧਿਆਪਕਾਂ ਦੀਆਂ ਮੰਗਾਂ ਫਾਈਲਾਂ ਤੋਂ ਮਿੱਠੀ ਝਾੜਨ ਲਈ ਕਹਿ ਰਹੀਆਂ ਹਨ। ਮੀਂਹ ਹਨੇਰੀ, ਧੁੱਪ ਅਤੇ ਠੰਢ ਵਿੱਚ ਆਪਣੇ ਹੱਕ ਮੰਗਣ ਵਾਲੇ ਅਧਿਆਪਕਾਂ ਨੂੰ ਪਾਣੀ ਦੀਆਂ ਬੁਛਾੜਾਂ ਅਤੇ ਲਾਠੀਚਾਰਜ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਜਦੋਂ ਅਧਿਆਪਕ ਸੜਕਾਂ ਤੇ ਰੁਲ ਰਿਹਾ ਹੋਵੇ ਉਦੋਂ ਕਿਵੇਂ ਦਿਲ ਨੂੰ ਸਮਝਾਈਏ ਕਿ ਸੜਕਾਂ ਤੇ ਰੁਲਣ ਵਾਲਾ ਦੇਸ਼ ਦਾ ਨਿਰਮਾਤਾ ਹੈ। ਜਦੋਂ ਦੇਸ਼ ਦਾ ਨਿਰਮਾਣ ਕਰਨ ਵਾਲਾ ਤਾਂ ਆਪ ਸੰਘਰਸ਼ ਦੇ ਰਾਹ ਤੁਰਨ ਲਈ ਮਜ਼ਬੂਰ ਹੋ ਚੁੱਕਿਆ ਹੈ ਤਾਂ ਫ਼ਿਰ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕੌਣ ਪੜ੍ਹਾਏਗਾ,ਇਹ ਸੋਚਣ ਵਾਲੀ ਗੱਲ ਹੈ। ਅਧਿਆਪਕ ਇੱਕ ਪੇਸ਼ਾ ਨਹੀਂ ਇਹ ਉਹ ਪਦਵੀਂ ਹੈ ਜਿਸਦੀ ਤੁਲਨਾ ਕਿਸੇ ਹੋਰ ਪਦਵੀ ਨਾਲ ਨਹੀਂ ਕੀਤੀ ਜਾ ਸਕਦੀ ਕਿਉਂਕਿ ਜਿੰਨੀਆਂ ਨੌਕਰੀਆਂ ਜਾਂ ਕੰਮ ਬਾਕੀ ਹਨ ਉਹ ਸਾਰੇ ਅਧਿਆਪਕ ਤੋਂ ਹੀ ਹੋ ਕੇ ਜਾਂਦੇ ਹਨ।ਹਰ ਮੰਜ਼ਿਲ ਦੀ ਪ੍ਰਾਪਤੀ ਦਾ ਰਸਤਾ ਅਧਿਆਪਕ ਦੇ ਮਾਰਗਦਰਸ਼ਨ ਤੋਂ ਹੀ ਜਾਂਦਾ ਹੈ। ਅਧਿਆਪਕ ਇੱਕ ਦੀਵਾ ਹੈ ਜ਼ੋ ਵਿਦਿਆਰਥੀ ਦੀ ਹਨ੍ਹੇਰੀ ਜ਼ਿੰਦਗੀ ਨੂੰ ਰੋਸ਼ਨ ਕਰਕੇ ਚਾਨਣ ਵੱਲ ਭੇਜਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 05 ਸਤੰਬਰ ਦਾ ਦਿਨ ਜਦੋਂ ਪੂਰਾ ਦੇਸ਼ ਭਾਰਤ ਦੇ ਦੂਜੇ ਰਾਸ਼ਟਰਪਤੀ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦਾ ਜਨਮ ਦਿਨ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਉਂਦਾ ਹੈ ਉਸ ਸਮੇਂ ਸਰਕਾਰਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਅਧਿਆਪਕਾਂ ਦੀਆਂ ਮੰਗਾਂ ਮੰਨ ਕੇ ਉਹਨਾਂ ਨੂੰ ਅਧਿਆਪਕ ਦਿਵਸ ਦਾ ਤੋਹਫ਼ਾ ਦੇਣ, ਅਧਿਆਪਕ ਵਰਗ ਦੀਆਂ ਮੰਗਾਂ ਮੰਨ ਕੇ ਉਹਨਾਂ ਨੂੰ ਤੋਹਫ਼ਾ ਦੇਣਾ ਅਧਿਆਪਕ ਦਿਵਸ ਤੇ ਉਹਨਾਂ ਦਾ ਸੱਚਾ ਸਨਮਾਨ ਹੋਵੇਗਾ ਜਿਨ੍ਹਾਂ ਦੇ ਉਹ ਅਸਲ ਵਿੱਚ ਹੱਕਦਾਰ ਹਨ।

## ਅਧਿਆਪਕ ਦਿਵਸ ਮੌਕੇ ਲਲਿਤਾ ਬੰਗਾ ਸਟੇਟ ਐਵਾਰਡ ਨਾਲ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 5 ਸਤੰਬਰ: ਅਧਿਆਪਕ ਦਿਵਸ ਦੇ ਮੌਕੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਅਤੇ ਸਮਰਪਿਤ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਐਵਾਰਡ ਮੌਕੇ 'ਤੇ ਸਰਕਾਰੀ ਐਲੀਮੈਂਟਰੀ ਸਕੂਲ ਮਾੜੂ, ਬਲਾਕ ਘਨੌਰ, ਜ਼ਿਲ੍ਹਾ ਪਟਿਆਲਾ ਦੀ ਸੈਂਟਰ ਹੈਡ ਟੀਚਰ ਸ੍ਰੀਮਤੀ ਲਲਿਤਾ ਬੰਗਾ ਨੂੰ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ, ਮਿਹਨਤ, ਲਗਨ ਅਤੇ ਸਮਰਪਣ ਲਈ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸ੍ਰੀਮਤੀ ਲਲਿਤਾ ਬੰਗਾ ਨੇ ਆਪਣੇ ਅਧਿਆਪਨ ਕਾਰਜ ਦੌਰਾਨ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਨੇ ਸਕੂਲ ਦੀ ਅਕਾਦਮਿਕ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ, ਵਿਦਿਆਰਥੀਆਂ ਵਿੱਚ ਰਚਨਾਤਮਕਤਾ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਅਤੇ ਸਕੂਲ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਲਗਾਤਾਰ ਯਤਨ ਕੀਤੇ ਹਨ।

ਉਨ੍ਹਾਂ ਦੀ ਅਗਵਾਈ ਹੇਠ ਸਕੂਲ ਵਿੱਚ ਸਿੱਖਿਆ ਦੇ ਨਾਲ-ਨਾਲ ਸਹਿ-ਵਿੱਦਿਅਕ ਗਤੀਵਿਧੀਆਂ ਨੂੰ ਵੀ ਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਦੀ ਕਾਰਜਸ਼ੈਲੀ ਹੋਰਨਾਂ ਅਧਿਆਪਕਾਂ ਲਈ ਵੀ ਪ੍ਰੇਰਣਾਦਾਇਕ ਰਹੀ ਹੈ।

ਇਸ ਸਨਮਾਨ ਨਾਲ ਸਕੂਲ, ਬਲਾਕ ਘਨੌਰ ਅਤੇ ਜ਼ਿਲ੍ਹਾ ਪਟਿਆਲਾ ਦੇ ਸਮੂਹ ਸਿੱਖਿਆ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਸਕੂਲ ਸਟਾਫ਼, ਵਿਦਿਆਰਥੀਆਂ, ਮਾਪਿਆਂ ਅਤੇ ਸਹਿਕਰਮੀਆਂ ਨੇ ਸ੍ਰੀਮਤੀ ਲਲਿਤਾ ਬੰਗਾ ਨੂੰ ਇਸ ਐਵਾਰਡ ਦੀ ਪ੍ਰਾਪਤੀ 'ਤੇ ਦਿਲੋਂ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਰੰਗਲਾ ਪੰਜਾਬ ਵਿਕਾਸ ਸਕੀਮ ਤਹਿਤ ਪਟਿਆਲਾ ਸ਼ਹਿਰ ਦੇ ਵਿਕਾਸ ਲਈ 5 ਕਰੋੜ ਰੁਪਏ ਦੇ ਫੰਡ ਹੋਰ ਜਾਰੀ- ਅਜੀਤਪਾਲ ਸਿੰਘ ਕੋਹਲੀ

### ਵਿਧਾਇਕ ਕੋਹਲੀ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ

### ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਨਗਰ ਨਿਗਮ ਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਬੈਠਕ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 5 ਸਤੰਬਰ:ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਸਰਕਾਰ ਵੱਲੋਂ ਪਟਿਆਲਾ ਸ਼ਹਿਰੀ ਹਲਕੇ ਦੇ ਵਿਕਾਸ ਲਈ ਪੀਐਮ-26 ਰੰਗਲਾ ਪੰਜਾਬ ਵਿਕਾਸ ਸਕੀਮ ਦੇ ਤੀਜੇ ਫੇਜ਼ ਤਹਿਤ 5 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ।

ਇਨ੍ਹਾਂ ਫੰਡਾਂ ਦੀ ਵਰਤੋਂ ਨਾਲ ਉਲੀਕੇ ਗਏ ਵੱਖ-ਵੱਖ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਲਈ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪੂਜਾ ਸਿਆਲ ਗਰੇਵਾਲ, ਵਧੀਕ ਕਮਿਸ਼ਨਰ ਸਿਮਰਨਪ੍ਰੀਤ ਕੌਰ ਅਤੇ ਲੋਕ ਨਿਰਮਾਣ ਵਿਭਾਗ ਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਸਮੀਖਿਆ ਬੈਠਕ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਨੂੰ ਤੈਅ ਸਮੇਂ ਅੰਦਰ ਪੂਰਾ ਕਰਨ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਾਰਜਾਂ ਦੀ ਪ੍ਰਗਤੀ ਦੀ ਅਗਲੀ ਸਮੀਖਿਆ ਮੀਟਿੰਗ 26 ਸਤੰਬਰ ਨੂੰ ਕੀਤੀ ਜਾਵੇਗੀ।

ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਕੰਮ ਕਰਵਾਏ ਜਾ ਰਹੇ ਹਨ ਅਤੇ ਕੋਈ ਵੀ ਵਿਕਾਸ ਕਾਰਜ ਅਧੂਰਾ ਨਹੀਂ ਛੱਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਨਿਗਮ, ਲੋਕ ਨਿਰਮਾਣ ਵਿਭਾਗ ਅਤੇ ਇੰਪਰੂਵਮੈਂਟ ਟਰੱਸਟ ਵੱਲੋਂ ਆਪੋ-ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਤਰਜੀਹ ਦੇ ਆਧਾਰ 'ਤੇ ਸਮੇਂ ਸਿਰ ਮੁਕੰਮਲ ਕੀਤਾ ਜਾਵੇਗਾ।

ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪਟਿਆਲਾ ਸ਼ਹਿਰ ਨੇ ਦੋ ਵਾਰ ਪੰਜਾਬ ਨੂੰ ਮੁੱਖ ਮੰਤਰੀ ਦਿੱਤੇ ਹਨ, ਪਰ ਇਸ ਦੇ ਬਾਵਜੂਦ ਸ਼ਹਿਰ ਲੰਮੇ ਸਮੇਂ ਤੱਕ ਵਿਕਾਸ ਪੱਖੋਂ ਪਛੜਿਆ ਰਿਹਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਟਿਆਲਾ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸ਼ਹਿਰ ਦੇ ਸਰਵਪੱਖੀ ਵਿਕਾਸ ਦਾ ਬੀੜਾ ਚੁੱਕਿਆ ਹੈ ਅਤੇ ਹੁਣ ਵੱਖ-ਵੱਖ ਵਿਕਾਸ ਕਾਰਜ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕਰਵਾਏ ਜਾ ਰਹੇ ਹਨ।

## ਅਧਿਆਪਕ ਸੂਰਜ ਦਾ ਸਿਰਨਾਵਾਂ

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ

ਅਧਿਆਪਕ ਸੂਰਜ ਦਾ ਸਿਰਨਾਵਾਂ।
ਅਧਿਆਪਕ ਮੰਜ਼ਿਲ ਦੀਆਂ ਰਾਵ੍ਹਾਂ।

ਅਧਿਆਪਕ ਮਾਤਾ ਪਿਤਾ ਤੇ ਦੋਸਤ।
ਅਧਿਆਪਕ ਸਿਰ 'ਤੇ ਹੱਥ ਦੀ ਉਲਫਤ।

ਅਧਿਆਪਕ ਪੁਲ ਮਾਝੀ ਤੇ ਰਹਿਬਰ।
ਅਧਿਆਪਕ ਉਡਦੇ ਬੋਟਾ ਦੇ ਪਰ।

ਅਧਿਆਪਕ ਸੁੱਖ ਅਸੀਸਾਂ ਦੀ ਦਾਤ।
ਅਧਿਆਪਕ ਨੇਰ੍ਹੇ ਵਿਚ ਪ੍ਰਭਾਤ।

ਅਧਿਆਪਕ ਤੀਜੀ ਅੱਖ ਦੀ ਲੋਰੀ।
ਅਧਿਆਪਕ ਉਡਦੀ ਗੁੱਡੀ ਦੀ ਡੋਰੀ।

ਅਧਿਆਪਕ ਮੰਦਿਰ ਵਰਗੀ ਪੂਜਾ।
ਅਧਿਆਪਕ ਅੰਬਰ ਵਾਂਗੂ ਗੂੜ੍ਹਾ।

ਅਧਿਆਪਕ ਗੂੰਗੇ ਦੀ ਸ਼ਬਦਾਵਲੀ।
ਅਧਿਆਪਕ ਸ਼ਬਦਾਂ ਦੀ ਅਰਥਾਵਲੀ।

ਅਧਿਆਪਕ ਸੰਘਣੇ ਰੁੱਖ ਦੀ ਛਾਂ ਜਿਹਾ।
ਅਧਿਆਪਕ ਸੁਲਝੀ ਹੋਈ ਮਾਂ ਜਿਹਾ।

ਅਧਿਆਪਕ ਪਰਬਤ ਵਾਲੀ ਪੌੜੀ।
ਅਧਿਆਪਕ ਆਸ਼ਾ ਲੰਬੀ ਚੌੜੀ।

ਅਧਿਆਪਕ ਵਿਦਿਆ ਵਾਲਾ ਪਾਰਸ।
ਅਧਿਆਪਕ ਵਿਰਸੇ ਦਾ ਵੀ ਵਾਰਸ।

ਅਧਿਆਪਕ ਪਿਆਸੇ ਲਈ ਜਿਉਂ ਪਾਣੀ।
ਅਧਿਆਪਕ ਜੀਵਨ ਦੀ ਜ਼ਿੰਦਗਾਨੀ।

ਅਧਿਆਪਕ ਲੱਖਾਂ ਹੱਥਾਂ ਦਾ ਹੱਥ।
ਅਧਿਆਪਕ ਅੱਖਰ ਜਨਨੀ ਸਮਰੱਥ।

ਅਧਿਆਪਕ ਸੰਕਲਪ ਸ਼ਕਤੀ ਗੁਰੂ।
ਅਧਿਆਪਕ ਉਨਤੀ ਭਗਤੀ ਆਬਰੂ।

ਅਧਿਆਪਕ 'ਬਾਲਮ' ਗਮ ਵਿਚ ਹਾਸਾ।
ਅਧਿਆਪਕ ਜੰਨਤ ਵਰਗਾ ਵਾਸਾ।